ਰੋਲ ਨੰ. | | | | | | | |

# Code No. 507

**SERIES : MT/7002**

- *ਕ੍ਰਿਪਾ ਕਰਕੇ ਜਾਂਚ ਕਰ ਲਉ ਕਿ ਇਸ ਪ੍ਰਸ਼ਨ-ਪੱਤਰ ਵਿੱਚ ਛੱਪੇ ਪੰਨੇ **6** ਹਨ ।*
- *ਪ੍ਰਸ਼ਨ-ਪੱਤਰ ਵਿੱਚ ਦਾਹਿਨੇ ਹੱਥ ਦੇ ਵਲ ਦਿੱਤੇ ਗਏ ਕੋਡ ਨੰ. ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਣ ।*
- *ਕ੍ਰਿਪਾ ਕਰਕੇ ਜਾਂਚ ਕਰ ਲਉ ਕਿ ਇਸ ਪ੍ਰਸ਼ਨ-ਪੱਤਰ ਵਿੱਚ **12** ਪ੍ਰਸ਼ਨ ਹਨ ।*
- *ਪ੍ਰਸ਼ਨ-ਪੱਤਰ ਦਾ ਉੱਤਰ ਲਿਖਣ ਤੋਂ ਪਹਿਲਾਂ ਪ੍ਰੀਖਿਆਰਥੀ ਇਹ ਅਛੀ ਤਰ੍ਹਾਂ ਨਿਸਚਿਤ ਕਰ ਲੈਨ ਕੀ ਉਨ੍ਹਾਂ ਨੂੰ ਪੂਰਾ ਅਤੇ ਸਹੀ ਪ੍ਰਸ਼ਨ-ਪੱਤਰ ਦਿੱਤਾ ਗਿਆ ਹੈ ਜਾਂ ਨਹੀਂ । ਪ੍ਰੀਖਿਆ ਦੇ ਉਪਰਾਂਤ ਇਸ ਵਿਸ਼ੇ ਦੇ ਬਾਰੇ ਅਗਰ ਕੋਈ ਵੀ ਸ਼ਿਕਾਇਤ ਹੋਵੇਗੀ ਉਹ ਸੁਣੀ ਨਹੀਂ ਜਾਵੇਗੀ ।*
- *ਕ੍ਰਿਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ ਜ਼ਰੂਰ ਲਿਖੋ ।*
- *ਉੱਤਰ-ਪੁਸਤਿਕਾ ਦੇ ਅਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ । ਅਤ: ਜ਼ਰੂਰੀ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜਰੂਰ ਲਿਖਨ ।*

# ਪੰਜਾਬੀ

## (Only for Compartment/Improvement Candidates)

*ਸਮਾਂ : 3 ਘੰਟੇ ]* *[ਕੁਲ ਅੰਕ : 100*

***ਨੋਟ :*** *ਲਿਖਾਈ ਸ਼ੁਧ, ਸੁੰਦਰ ਅਤੇ ਖੁਲ੍ਹੀ ਖੁਲ੍ਹੀ ਕਰਨ ਦਾ ਜਤਨ ਕਰੋ :*

**1.** (ੳ) ਹੇਠ ਲਿਖੇ ਅਗੇਤਰਾਂ ਤੋਂ ਦੋ-ਦੋ ਸ਼ਬਦ ਬਣਾਉ :

ਬੇ, ਅਣ । *2*

(ਅ) ਹੇਠ ਲਿਖੇ ਪਿਛੇਤਰਾਂ ਤੋਂ ਦੋ-ਦੋ ਸ਼ਬਦ ਬਣਾਉ :

ਖਾਨਾ, ਸ਼ਾਲਾ । 2

(ੲ) ਹੇਠ ਲਿਖੇ ਵਾਕ ਨੂੰ ਵਿਸਰਾਮ ਚਿੰਨ੍ਹ ਲਗਾਕੇ ਲਿਖੋ :

ਥਾਨੇਦਾਰ ਸਾਹਿਬ ਨੇ ਮੁਸਕਰਾਂਦੇ ਹੋਏ ਕਿਹਾ ਚਲੋ ਅੱਛਾ ਹੋਇਆ ਤੁਸੀ ਦਿੱਲੀ ਆ ਪਹੁੰਚੇ । 2

(ਸ) ਹੇਠ ਲਿਖੇ ਸ਼ਬਦਾਂ ਨੂੰ ਸ਼ੁਧ ਕਰਕੇ ਲਿਖੋ :

ਦੁੱਦ, ਪਾਨੀ, ਖਸ਼ਵੂ, ਪਡਨਾ, ਚੰਡਾ । 2

(ਹ) ਹੇਠ ਲਿਖੇ ਮੁਹਾਵਰਿਆਂ ਵਿਚੋਂ ਕੋਈ **ਤਿੰਨ** ਮੁਹਾਵਰੇ ਆਪਣੇ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ :

ਸਿਰ ਦੀ ਬਾਜੀ ਲਾਉਣਾ, ਨਾਨੀ ਚੇਤੇ ਕਰਾਉਣਾ, ਰੰਗ ਉਡ ਜਾਣਾ, ਚਾਂਦੀ ਦੀ ਜੁੱਤੀ ਮਾਰਨੀ, ਘੋੜੇ ਵੇਚ ਕੇ ਸੌਣਾ । 3

(ਰ) ਹੇਠ ਲਿਖੇ ਅਖਾਣ ਕਿਹੜੇ ਵਿਸ਼ੇਸ਼ ਮੌਕੇ ਤੇ ਵਰਤੇ ਜਾਂਦੇ ਹਨ :

(i) ਉੱਚੀ ਦੁਕਾਨ ਫਿੱਕਾ ਪਕਵਾਨ ।

(ii) ਸਹਿਜ ਪੱਕੇ ਸੋ ਮਿੱਠਾ ਹੋਏ । 2

**2.** (ੳ) ਹੇਠ ਲਿਖੇ ਵਾਕ ਵਿਚ ਕੇਵਲ ਨਾਂਵ ਵੰਡ ਕਰੋ :

ਗੀਤਾ ਅਠਵੀਂ ਸ਼੍ਰੇਣੀ ਵਿਚ ਪੜ੍ਹਦੀ ਹੈ । 2

(ਅ) ਹੇਠ ਲਿਖੇ ਵਾਕਾਂ ਨੂੰ ਬਰੈਕਟ ਵਿਚ ਦਿਤੀਆਂ ਹਿਦਾਇਤਾਂ ਅਨੁਸਾਰ ਬਦਲੋ :

(i) ਕਿਨ੍ਹਾਂ ਸੋਹਣਾ ਮੌਸਮ ਹੈ । (ਵਿਸਮੈਵਾਚਕ ਵਾਕ ਬਨਾਉ)

(ii) ਜੇ ਪਰੀਖਿਆ ਵਿਚ ਨਕਲ ਮਾਰੋਗੇ ਨਤੀਜਾ ਚੰਗਾ ਨਹੀਂ ਆਵੇਗਾ । (ਨਾਂ ਵਾਚਕ ਵਾਕ ਬਨਾਉ)

(iii) ਗਾਂਧੀ ਜੀ ਗਰੀਬਾਂ ਦੀ ਭਲਾਈ ਚਾਹੁੰਦੇ ਸਨ ਤੇ ਅਮੀਰਾਂ ਦੀ ਵੀ । (ਮਿਸ਼ਰਿਤ ਵਾਕ ਬਨਾਉ)

(iv) ਸ਼ਾਮ ਪੰਜਾਬੀ ਅਧਿਆਪਕ ਤੋਂ ਬਿਨਾ ਕਿਸੇ ਦਾ ਆਦਰ ਨਹੀਂ ਕਰਦਾ

(v) ਵਿਦਿਆਰਥੀ ਦੇ ਚਰਿਤਰ ਨਿਰਮਾਣ ਵਿਚ ਹੁੰਦਾ ਹੈ ਬੜ੍ਹਾ ਹੱਥ ਅਧਿਆਪਕ ਦਾ । (ਵਾਕ ਨੂੰ ਸੋਧ ਕੇ ਲਿਖੋ) 5×1=5

**3.** ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਉ :

ਸ਼ਖਸੀਅਤ ਦਾ ਮੁਖ-ਚਿੰਨ੍ਹ ਪ੍ਰਸੰਨਤਾ ਹੈ । ਜਿਸ ਦੇ ਅੰਦਰ ਪ੍ਰਸੰਨਤਾ ਹੋਵੇ, ਉਹੀ ਕਿਸੇ ਦੂਜੇ ਨੂੰ ਪ੍ਰਸੰਨ ਕਰ ਸਕਦਾ ਹੈ । ਜਿਸ ਹਿਰਦੇ ਵਿਚ ਪ੍ਰਸੰਨਤਾ ਹੈ, ਉਥੇ ਸਾੜਾ ਨਹੀਂ ਹੋ ਸਕਦਾ । ਸਾੜਾ ਬੜੀ ਕੁਸ਼ਗਨ ਅਵਸਥਾ ਹੈ । ਸਾੜਾ ਆਪਣੇ ਆਪ ਵਿੱਚ ਭਰੋਸਾ ਨਹੀਂ ਰਖਦਾ, ਦਲੇਰ ਨਹੀਂ ਹੁੰਦਾ, ਹਿਮੰਤ ਤੋ ਕਤਰਾਂਦਾ ਹੈ । ਇਹ ਨਿਸ਼ਾਨੀਆਂ ਹੀਣਤਾ ਦੀਆਂ ਹਨ । ਇਸ ਲਈ ਜਿੱਥੇ ਸਾੜਾ ਹੁੰਦਾ ਹੈ, ਉੱਥੇ ਕਰੋਧ ਵੀ ਹੁੰਦਾ ਹੈ, ਤੇ ਜਿੱਥੇ ਇਹ ਦੋਵੇਂ ਹੋਣ, ਉੱਥੇ ਫੇ ਰ ਕੋਈ ਭਲੀ ਗੱਲ ਨਹੀਂ ਰਹਿ ਸਕਦੀ । ਇਹ ਦੋਵੇਂ ਸ਼ਖਸੀਅਤ ਦੇ ਵਿਰੋਧੀ ਹਨ । ਸ਼ਖਸੀਅਤ ਦੇ ਅਭਿਲਾਸ਼ੀ ਨੂੰ ਬੜੇ ਯਤਨਾਂ ਨਾਲ ਇਹਨਾਂ ਤੋਂ ਖ਼ਬਰਦਾਰ ਰਹਿਣਾ ਚਾਹੀਦਾ ਹੈ । ਜਦੋਂ ਵੀ ਇਹ ਆ ਜਾਣ, ਆਪਣੇ ਆਪ ਕੋਲੋਂ ਸ਼ਰਮ ਖਾਓ, ਜਿਹੜਾ ਉੱਚੀ ਸ਼ਖਸੀਅਤ ਦਾ ਆਦਰਸ਼ ਤੁਸਾਂ ਸਾਹਮਣੇ ਰੱਖਿਆ ਹੋਇਆ ਹੈ, ਉਹਦਾ ਚੇਤਾ ਕਰਕੇ ਕ੍ਰੋਧ ਦੂਰ ਕਰ ਲਿਆ ਕਰੋ । ਹੌਲੀ-ਹੌਲੀ ਅਵਸਥਾ ਬਦਲਦੀ ਜਾਵੇਗੀ ਤੇ ਇੱਕ ਦਿਨ ਐਸਾ ਆ ਜਾਵੇਗਾ ਜਦੋਂ ਕਿਸੇ ਦੀ ਸਫ਼ਲਤਾ ਤੁਹਾਨੂੰ ਪੀੜਤ ਨਹੀਂ ਕਰੇਗੀ, ਨਾ ਕਿਸੇ ਉਤੇ ਕ੍ਰੋਧ ਆਵੇਗਾ । 8+2=10

**4.** ਸਕੂਲਾਂ ਦੇ ਨਾਂ ਉਤੇ ਗਲੀ-ਗਲੀ ਖੁੱਲੀਆਂ ਪੜਾਈ ਦੀਆਂ ਦੁਕਾਨਾਂ ਦੀ ਸਮੱਸਿਆ ਬਾਰੇ ਰਾਜ ਦੇ ਸਿਖਿਆ ਮੰਤਰੀ ਨੂੰ ਪੱਤਰ ਲਿਖੋ ।

ਜਾਂ

ਤੁਸੀ ਆਪਣੀ ਕਿਤਾਬਾਂ ਦੀ ਦੁਕਾਨ ਲਈ ਪੰਜਾਬ ਬੁੱਕ ਡਿਪੋ ਤੋਂ ਕੁਝ ਕਿਤਾਬਾਂ ਮੰਗਵਾਇਆਂ ਸਨ । ਭੇਜਿਆਂ ਗਈਆਂ ਕਿਤਾਬਾਂ ਤੁਹਾਡੀ ਸੂਚੀ ਨਾਲ ਮੇਲ ਨਹੀਂ ਖਾਂਦੀਆਂ । ਬੁੱਕ ਡਿਪੋ ਮੈਨੇਜਰ ਨੂੰ ਲਿਖੋ ਤੁਹਾਡੇ ਵਲੋਂ ਮੰਗਵਾਇਆਂ ਕਿਤਾਬਾਂ ਛੇਤੀ ਭੇਜਿਆਂ ਜਾਣ । 8

**5.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਵਿਸ਼ੇ ਤੇ ਲਗਭਗ 400 ਸ਼ਬਦਾਂ ਦਾ ਲੇਖ ਲਿਖੋ :

(i) ਮਨੁੱਖ ਅਤੇ ਵਿਗਿਆਨ

(ii) ਰਾਸ਼ਟਰੀ ਏਕਤਾ

(iii) ਰਾਜ ਵਿਚ ਵਧਦੀ ਹਿੰਸਾ ਇਕ ਸਮਸਿਆ

(iv) ਅਜ ਦਾ ਵਿਦਿਆਰਥੀ

(v) ਅੱਖੀ ਡਿੱਠਾ ਹਾਕੀ ਮੈਚ । 12

## ਭਾਗ--ਅ

**6.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ ਪੁਸਤਕ ਦੇ ਪਾਠਾਂ ਦੇ ਆਧਾਰ ਤੇ **ਇਕ-ਇਕ** ਵਾਕ ਵਿਚ ਲਿਖੋ :

(i) ਔਰਤਾਂ ਦੇ ਕਿਹੜੇ ਗੁਣ ਹੀ ਦੋਸ਼ ਬਣ ਗਏ ?

(ii) ਗੂਰੂ ਪ੍ਰਸੰਨ ਹੋ ਕੇ ਕੀ ਕਿਰਪਾ ਕਰਦਾ ਹੈ ?

(iii) ਮੌਤ ਨੂੰ ਸਾਹਮਣੇ ਦੇਖ ਕੇ ਪੰਜਾਬ ਦੇ ਜਵਾਨਾਂ ਦੇ ਮਨਾਂ ਵਿੱਚ ਕਿਹੋ ਜਿਹੀ ਭਾਵਨਾ ਪੈਦਾ ਹੁੰਦੀ ਹੈ

(iv) ਨਾਦਰਸ਼ਾਹ ਨੇ ਬੁੱਢੀ ਦੇ ਪੈਰਾਂ ਵਿਚ ਤਾਜ ਕਿਉਂ ਰਖਿਆ ?

(v) ਕਵੀ ਨਾਰੀ ਦਾ ਵਿਸਤਾਰ ਕਿਹੜੇ ਗੁਣ ਵਿਚ ਵੇਖਦਾ ਹੈ ?

(vi) ਦਸੌਂਧਾ ਸਿੰਘ ਨੂੰ ਪੈਸਾ ਜਲਦੀ ਕਿਸ ਲਈ ਚਾਹੀਦਾ ਹੈ ?

(vii) ਵਲੀ ਕੰਧਾਰੀ ਕੌਣ ਸੀ ਅਤੇ ਕਿੱਥੇ ਰਹਿੰਦਾ ਸੀ ?

(viii) ਕਸਤੂਰੀ ਵਾਲਾ ਮਿਰਗ ਤੋਂ ਕੀ ਭਾਵ ਹੈ ?

(ix) ਚੌਂਕੀ ਇੰਚਾਰਜ ਮੁਖਿਤਆਰ ਸਿੰਘ ਗਸ਼ਤ ਉੱਤੇ ਜਾਨ ਤੋਂ ਪਹਿਲਾਂ ਚੌਂਕੀ ਦਾ ਧਿਆਨ ਰਖਨ ਲਈ ਕਿਸ ਨੂੰ ਆਖਦਾ ਹੈ ?

(x) ਟਾਲਸਟਾਏ ਦੀ ਮੌਤ ਕਿਵੇਂ ਹੋਈ ?

(xi) ਜੀਤੀ ਦੀ ਮਾਂ ਆਪਣੀ ਸੱਸ ਨਾਲ ਕਿਹੋ ਜਿਹਾ ਸਲੂਕ ਕਰਦੀ ਸੀ ?

(xii) ਗੁਰੂਜੀ ਨੇ ਅਨੰਦਪੁਰ ਨਗਰ ਕਿੱਥੇ ਵਸਾਇਆ ? 12×1=12

**7.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਪਾਠਾਂ ਦੇ ਆਧਾਰ ਤੇ 40-50 ਸ਼ਬਦਾਂ ਵਿਚ ਲਿਖੋ :

(i) ਫਰੰਗੀ ਦੀ ਲੋਕਾਂ ਨੂੰ ਕਿਹੜੀ ਗੱਲ ਮਨਜ਼ੂਰ ਨਹੀਂ ਸੀ ਅਤੇ ਲੋਕਾਂ ਨੇ ਕੀ ਫੈਸਲਾ ਕੀਤਾ ?

(ii) ਦਾਦੀ ਦੀ ਮੌਤ ਉੱਤੇ ਜੀਤੀ ਕੀ ਸੋਚ ਸੋਚ ਕੇ ਪਰੇਸ਼ਾਨ ਸੀ ?

(iii) ਮੈ--ਪਾਤਰ ਉੱਤਮ ਸਿੰਘ ਸੰਧੂ ਦਾ ਦਸਿਆ ਕੰਮ ਕਰਨ ਤੋਂ ਕਿਉਂ ਅਸਮੱਰਥ ਸੀ ?

(iv) ਟਾਲਸਟਾਏ ਨੂੰ ਬਚਪਨ ਵਿਚ ਕਿਹੜੀਆਂ-ਕਿਹੜੀਆਂ ਬਿਪਤਾਵਾਂ ਦਾ ਸਾਹਮਣਾ ਕਰਨਾ ਪਿਆ ?

(v) ਡਾ. ਰਾਧਾ ਕ੍ਰਿਸ਼ਨਨ ਦਾ ਭਾਰਤ ਤੇ ਵਿਦੇਸ਼ਾਂ ਵਲੋਂ ਕੀ ਸਨਮਾਨ ਕੀਤਾ ਗਿਆ ?

(vi) ਮੁਸਾਫਰਾਂ ਨੂੰ ਡਰਾਉਣ ਲਈ ਸਰਕਾਰ ਨੇ ਕੀ-ਕੀ ਗੱਲਾਂ ਕਹੀਆਂ ?

(vii) ਮਖਣ ਸ਼ਾਹ ਨੇ 'ਗੁਰੂ ਲਾਧੋ ਰੇ' ਕਿਉਂ ਕਿਹਾ ਅਤੇ ਉਹਨੂੰ ਸੱਚੇ ਗੁਰੂ ਦਾ ਪਤਾ ਕਿਵੇਂ ਲਗਿਆ ? $7 \times 2 = 14$

**8.** ਹੇਠ ਲਿਖੇ ਕਿਸੇ **ਦੋ** ਪਾਤਰਾਂ ਦੀ ਪਾਤਰ ਉਸਾਰੀ ਕਰੋ :

ਰਘੂਨਾਥ, ਮਹਿੰਦਰ ਕੌਰ, ਦਸੌਂਧਾ ਸਿੰਘ ।

ਜਾਂ

''ਕੋਊ ਨ ਨਿਬਹਿਉ ਸਾਥਿ'' ਨਾਟਕ ਤੋਂ ਤੁਹਾਨੂੰ ਸਾਡੇ ਸਮਾਜਕ ਵਰਤਾਰੇ ਬਾਰੇ ਕੀ ਪਤਾ ਚਲਦਾ ਹੈ ? 4

**9.** (ੳ) ਅਗਲੇ ਜਮਾਨੇ ਜਾਂ ਮੇਰੇ ਵੱਡੇ ਵਡੇਰੇ ਲੇਖ ਦੇ ਆਧਾਰ ਤੇ ਲੇਖਕ ਦੀ ਵਾਰਤਕ ਕਲਾ ਬਾਰੇ ਆਪਣੇ ਵਿਚਾਰ ਲਿਖੋ ।

ਜਾਂ

(ਅ) ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀਆਂ ਦੀ ਦਸ਼ਾ ਸੁਧਾਰਣ ਲਈ ਕੀ ਯਤਨ ਕੀਤਾ ?

**10.** ਹੇਠ ਲਿਖੇ ਕਾਵਿ ਬੰਦਾ ਵਿਚ ਕੇਵਲ **ਦੋ** ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

(ੳ) ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥
ਫਰੀਦਾ ਖਾਕੁ ਨ ਨਿੰਦੀਐ ਖਾਕੁ ਜੇਡੁ ਨ ਕੋਇ ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥

(ਅ) ਜਾਂ ਮੈ ਸਬਕ ਇਸ਼ਕ ਦਾ ਪੜਿਆ
ਮਸਜਦ ਕੋਲੋਂ ਜੀਅੜਾ ਡਰਿਆ
ਭਜ ਭਜ ਠਾਕਰ ਦਵਾਰੇ ਵੜਿਆ
ਘਰ ਵਿਚ ਪਾਇਆ ਮਹਿਰਮ ਯਾਰ
ਇਸ਼ਕ ਦੀ ਨਵੀਓਂ ਨਵੀਂ ਬਹਾਰ ।

(ੲ) ਨਫ਼ਰਤ ਦੀ ਕਾਲੀ ਰਾਤ ਹੈ, ਨਫ਼ਰਤ ਦੀ ਕਾਲੀ ਬਾਤ ਹੈ
ਠੋਹਕਰ ਨਾ ਲੱਗੇ ਇਲਮ ਨੂੰ, ਠੋਹਕਰ ਨਾ ਲੱਗੇ ਕਲਮ ਨੂੰ
ਦਿਲ ਦਾ ਚਿਰਾਗ ਬਾਲ ਕੇ ਸਾਂਹਵੇ ਧਰੋ ! ਦਸਖਤ ਕਰੋ । 5+5=10